# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

5ਵੀਂ ਮੰਜਿਲ, ਈ.ਬਲਾਕ, ਪ.ਸ.ਸ.ਬ. ਕੰਪਲੈਕਸ, ਫੇਜ਼ 8, ਮੋਹਾਲੀ (ਅਜੀਤਗੜ)

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ ਸੈ.ਸਿ/ਐ.ਸਿ
ਸਮੂਹ ਮੰਡਲ ਸਿੱਖਿਆ ਅਫਸਰ
ਪੰਜਾਬ।

ਮੀਮੋ ਨੰ: 2014/ਡੀ.ਜੀ.ਐਸ.ਈ./ਕੋਆਰਡੀਨੇਸਨ/002527-32
ਮਿਤੀ: ਅਜੀਤਗੜ੍ਹ 1.03.2014

**ਵਿਸ਼ਾ:** **ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਮੈਟ੍ਰਿਕ ਅਤੇ +2 ਸ਼੍ਰੇਣੀ ਦੀਆਂ ਸਲਾਨਾ ਪ੍ਰੀਖਿਆਵਾਂ ਮਾਰਚ 2014 ਦੌਰਾਨ ਨਕਲ ਰੋਕਣ ਸਬੰਧੀ।**

1.0 ਉਪਰੋਕਤ ਵਿਸੇ ਦੇ ਸਬੰਧ ਵਿਚ ।

2.0 ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿ) ਪ੍ਰੀਖਿਆਵਾਂ ਵਿੱਚ ਨਕਲ ਨੂੰ ਰੋਕਣ ਲਈ ਓਵਰਆਲ ਜ਼ਿੰਮੇਵਾਰ ਹੋਣਗੇ। ਜੇਕਰ ਕਿਸੇ ਜ਼ਿਲ੍ਹੇ ਵਿੱਚ ਨਕਲ ਦੀ ਸ਼ਿਕਾਇਤ ਸਾਹਮਣੇ ਆਉਂਦੀ ਹੈ ਤਾਂ ਬਾਕੀ ਐਕਸ਼ਨ ਦੇ ਨਾਲ ਨਾਲ ਉਸ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) ਖਿਲਾਫ ਵੀ ਕਾਰਵਾਈ ਕੀਤੀ ਜਾਵੇਗੀ ।

3.0 ਇਹਨਾਂ ਪ੍ਰੀਖਿਆਵਾਂ ਵਿੱਚ ਸੈਂਟਰ ਸੁਪਰਡੰਟ/ਸਹਾਇਕ ਸੈਂਟਰ ਸੁਪਰਡੰਟ ਅਤੇ ਸੁਪਰਵਾਈਜ਼ਰ ਬੋਰਡ ਵੱਲੋਂ ਲਗਾਏ ਗਏ ਹਨ ਜੋ ਕਿ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਭੇਜੀ ਲਿਸਟ ਵਿਚੋਂ ਲਗਾਏ ਗਏ ਹਨ । ਇਹ ਯਕੀਨੀ ਬਣਾਇਆ ਜਾਣਾ ਜ਼ਰੂਰੀ ਹੈ ਕਿ ਕੋਈ ਵੀ ਅਜਿਹਾ ਵਿਅਕਤੀ ਪ੍ਰੀਖਿਆਵਾਂ ਦੇ ਅਮਲੇ ਲਈ ਨਿਯੁਕਤ ਨਾ ਹੋ ਜਾਵੇ ਜਿਸ ਦਾ ਪੁਰਾਣਾ ਟਰੈਕ ਰਿਕਾਰਡ ਮਾੜਾ ਰਿਹਾ ਹੋਵੇ । ਇਸ ਕੰਮ ਲਈ ਕੇਵਲ ਚੰਗੇ ਅਕਸ ਵਾਲੇ ਅਧਿਆਪਕ ਨੂੰ ਹੀ ਡਿਊਟੀ ਤੇ ਲਗਾਇਆ ਜਾਣਾ ਹੈ।

4.0 ਜਿਸ ਅਧਿਆਪਕ ਦੀ ਬਤੌਰ ਸੈਂਟਰ ਸੁਪਰਡੰਟ ਡਿਊਟੀ ਲਗਾਈ ਜਾਂਦੀ ਹੈ, ਉਸ ਨੂੰ ਕਿਸੇ ਵੀ ਹਾਲਤ ਵਿੱਚ ਇਸ ਡਿਊਟੀ ਤੋਂ ਛੋਟ ਨਹੀਂ ਦਿੱਤੀ ਜਾਵੇਗੀ । ਜੇਕਰ ਕੋਈ ਅਧਿਆਪਕ ਇਹ ਡਿਊਟੀ ਕਰਨ ਤੋਂ ਨਾਂਹ ਨੁੱਕਰ ਕਰਦਾ ਹੈ ਤਾਂ ਉਸ ਬਾਰੇ ਤੁਰੰਤ ਇਸ ਦਫਤਰ ਦੇ ਨੋਟਿਸ ਵਿੱਚ ਲਿਆਂਦਾ ਜਾਵੇ ਤਾਂ ਜੋ ਉਸ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾ ਸਕੇ। ਜੇਕਰ ਕੋਈ ਅਜਿਹਾ ਅਧਿਆਪਕ ਬਿਮਾਰ ਹੋ ਜਾਂਦਾ ਹੈ ਤਾਂ ਉਹ

ਸਰਕਾਰੀ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ(ਐਸ.ਐਮ.ਓ) ਤੋਂ ਸਰਟੀਫਿਕੇਟ ਲੈ ਕੇ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਪੇਸ਼ ਕਰੇਗਾ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਇਹ ਸਰਟੀਫਿਕੇਟ ਤੁਰੰਤ ਜ਼ਿਲ੍ਹੇ ਦੇ ਸਿਵਲ ਸਰਜਨ ਕੋਲ ਵੇਰੀਫਿਕੇਸ਼ਨ ਲਈ ਭੇਜਗਾ ਅਤੇ ਜੇਕਰ ਕੋਈ ਅਧਿਆਪਕ ਸੀਰੀਅਸ ਤੌਰ ਤੇ ਸਿਵਲ ਸਰਜਨ ਵੱਲੋਂ ਐਸ.ਐਮ.ਓ ਦੇ ਸਰਟੀਫਿਕੇਟ ਦੇ ਆਧਾਰ ਤੇ ਬਿਮਾਰ ਪਾਇਆ ਜਾਂਦਾ ਹੈ ਕੇਵਲ ਤਾਂ ਹੀ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਅਜਿਹੇ ਅਧਿਆਪਕ ਦੀ ਥਾਂ ਤੇ ਬੋਰਡ ਨੂੰ ਪਹਿਲਾਂ ਭੇਜੀ ਲਿਸਟ ਵਿਚੋਂ ਅਗਲੇ ਸੀਰੀਅਲ ਨੰਬਰ ਦੇ ਅਧਿਆਪਕ ਨੂੰ ਸੈਂਟਰ ਸੁਪਰਡੰਟ ਦੀ ਡਿਊਟੀ ਲਗਾਉਣ ਹਿੱਤ ਕਾਰਵਾਈ ਕਰੇਗਾ ਅਤੇ ਇਸ ਸਬੰਧੀ ਤੁਰੰਤ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਕੰਨਫਰਮੇਸ਼ਨ ਵੀ ਕਰਵਾਈ ਜਾਵੇਗੀ। ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਅਧਿਕਾਰ ਹੋਵੇਗਾ ਕਿ ਉਹ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਭੇਜੇ ਬਦਲਵੇਂ ਸੈਂਟਰ ਸੁਪਰਡੰਟ ਦੀ ਥਾਂ ਤੇ ਕਿਸੇ ਹੋਰ ਦਾ ਨਾਮ ਵੀ ਉਸੇ ਲਿਸਟ ਵਿਚੋਂ ਪ੍ਰਵਾਨ ਕਰਕੇ ਭੇਜ ਸਕਦੇ ਹਨ ।

5.0 ਸਾਰੇ ਸੈਂਟਰਾਂ ਵਿੱਚ ਪ੍ਰੀਖਿਆਵਾਂ ਕੇਵਲ ਗਰਾਊਂਡ ਫਲੋਰ ਜਾਂ ਪਹਿਲੀ ਫਲੋਰ ਤੇ ਹੀ ਕਰਵਾਈਆਂ ਜਾਣਗੀਆਂ। ਦੂਜੀ ਮੰਜ਼ਿਲ ਤੇ ਕੋਈ ਵੀ ਪ੍ਰੀਖਿਆ ਕੇਂਦਰ ਨਾ ਬਣਾਇਆ ਜਾਵੇ।

6.0 ਪ੍ਰੀਖਿਆ ਕੇਂਦਰ ਦੇ ਮੁੱਖ ਗੇਟ ਤੇ ਜਿੰਦਰਾ ਨਹੀਂ ਲਗਾਇਆ ਜਾਵੇਗਾ ਤਾਂ ਜੋ ਪ੍ਰੀਖਿਆਵਾਂ ਨੂੰ ਚੈਕ ਕਰਨ ਵਾਲਾ ਅਮਲਾ ਬੇਰੋਕ ਟੋਕ ਇਹਨਾਂ ਸੈਂਟਰਾਂ ਵਿੱਚ ਜਾ ਸਕੇ ਪਰ ਨਾਲ ਦੀ ਨਾਲ ਇਹ ਯਕੀਨੀ ਬਣਾਇਆ ਜਾਵੇਗਾ ਕਿ ਕੋਈ ਵੀ ਅਣਅਧਿਕਾਰਤ ਵਿਅਕਤੀ ਪ੍ਰੀਖਿਆ ਕੇਂਦਰ ਵਿੱਚ ਦਾਖਲ ਨਾ ਹੋਵੇ।

7.0 ਇਹਨਾਂ ਪ੍ਰੀਖਿਆਵਾਂ ਕੇਂਦਰਾਂ ਦੇ ਆਸੇ ਪਾਸੇ ਸੀ.ਆਰ.ਪੀ.ਸੀ ਦੀ ਧਾਰਾ 144 ਲਗਾਉਣ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਹਿਲਾਂ ਹੀ ਸਮੂਹ ਡਿਪਟੀ ਕਮਿਸ਼ਨਰ ਨੂੰ ਲਿਖਿਆ ਜਾ ਚੁੱਕਾ ਹੈ। ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜ਼ਿਲ੍ਹੇ ਦੇ ਡਿਪਟੀ ਕਮਿਸਨਰ(ਅੰਮ੍ਰਿਤਸਰ,ਜਲੰਧਰ, ਲੁਧਿਆਣਾ ਸ਼ਹਿਰਾਂ ਵਿੱਚ ਪੁਲਿਸ ਕਮਿਸਨਰ) ਨੂੰ ਮਿਲਕੇ ਪ੍ਰੀਖਿਆ ਕੇਂਦਰਾਂ ਦੁਆਲੇ ਸੀ.ਆਰ.ਪੀ.ਸੀ ਦੀ ਧਾਰਾ 144 ਲਗਾਉਣ ਲਈ ਸੰਪਰਕ ਕੀਤਾ ਜਾਵੇ।

8.0 ਸਕੂਲ ਪ੍ਰੀਖਿਆ ਕੰਟਰੋਲਰ(ਸਬੰਧਤ ਸਕੂਲ ਦਾ ਮੁੱਖੀ) ਕੇਂਦਰ ਦੇ ਅੰਦਰ(ਐਗਜੇਮੀਨੇਸ਼ਨ ਹਾਲ) ਕੋਈ ਦਾਖਲਅੰਦਾਜ਼ੀ ਨਹੀਂ ਕਰੇਗਾ। ਪ੍ਰੀਖਿਆ ਕੇਂਦਰ ਦੇ ਅੰਦਰ ਸੰਚਾਲਨ ਦੀ ਜ਼ਿੰਮੇਵਾਰੀ ਸੈਂਟਰ ਸੁਪਰਡੰਟ ਦੀ ਰਹੇਗੀ ਜਦੋਂ ਕਿ ਪ੍ਰੀਖਿਆ ਕੇਂਦਰ ਤੋਂ ਬਾਹਰ ਸਕੂਲ ਦੇ ਮਾਹੌਲ ਨੂੰ ਨਕਲ ਰਹਿਤ ਰੱਖਣ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਪ੍ਰੀਖਿਆ ਕੰਟਰੋਲਰ ਦੀ ਹੋਵੇਗੀ। ਵਰਨਣਯੋਗ ਹੈ ਕਿ ਪ੍ਰਿੰਸੀਪਲ ਦੁਆਰਾ ਆਪਣੇ ਨੁਮਾਇੰਦੇ ਨੂੰ ਕੰਟਰੋਲਰ ਦੀ ਡਿਊਟੀ ਨਿਭਾਉਣ ਲਈ ਕਹਿ ਦਿੱਤਾ ਜਾਦਾ ਹੈ ਜੋਕਿ ਵਿਭਾਗ ਦੇ ਹੁਕਮਾਂ ਦੇ ਖਿਲਾਫ ਹੋਵੇਗਾ । ਜੇਕਰ ਕਿਸੇ ਕਾਰਨ ਵੱਸ ਸਕੂਲ ਮੁੱਖੀ ਪ੍ਰੀਖਿਆ ਕੰਟਰੋਲਰ ਦੀ ਡਿਊਟੀ ਨਿਭਾਉਣ ਤੋਂ

ਅਸਮਰੱਥ ਹੋ ਜਾਂਦਾ ਹੈ ਤਾਂ ਉਹ ਸਕੂਲ ਵਿਚੋਂ ਹੀ ਸਕੂਲ ਦੇ ਸੀਨੀਅਰ ਮੋਸਟ ਅਧਿਆਪਕ/ਲੈਕਚਰਾਰ ਨੂੰ ਇਹ ਡਿਊਟੀ ਲਿਖਤੀ ਰੂਪ ਵਿੱਚ ਸੌਂਪੇਗਾ। ਪ੍ਰੀਖਿਆ ਕੰਟਰੋਲਰ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਪ੍ਰੀਖਿਆ ਦੇਣ ਆਏ ਬੱਚਿਆਂ ਦੇ ਮਾਪੇ ਸਕੂਲ ਦੀ ਹਦੂਦ ਦੇ ਨਜ਼ਦੀਕ ਜਾਂ ਅੰਦਰ ਨਹੀਂ ਆਉਣਗੇ।

9.0 ਇਸ ਤਰ੍ਹਾਂ ਸਬੰਧਤ ਸਕੂਲ ਦਾ ਕਲਰਕ ਜੋ ਸਹਾਇਕ ਸੁਪਰਡੰਟ ਦਾ ਕੰਮ ਕਰਦਾ ਹੈ ਉਹ ਆਪਣੇ ਦਫਤਰੀ ਕਮਰੇ ਵਿੱਚ ਆਪਣੀ ਸੀਟ ਤੇ ਹੀ ਬੈਠਕੇ ਕੰਮ ਕਰੇਗਾ ਅਤੇ ਉਹ ਪ੍ਰੀਖਿਆ ਕੇਂਦਰ ਦੇ ਕਿਸੇ ਵੀ ਕਮਰੇ ਵਿੱਚ ਨਹੀਂ ਜਾਵੇਗਾ ।

10.0 ਸਕੂਲ ਪ੍ਰੀਖਿਆ ਕੰਟਰੋਲਰ ਇਹ ਯਕੀਨੀ ਬਣਾਉਣ ਕਿ ਪ੍ਰੀਖਿਆਰਥੀਆਂ ਦੇ ਟੁਆਲਿਟ ਅਤੇ ਪਾਣੀ ਪੀਣ ਦੇ ਸਥਾਨ ਤੇ ਕਿਸੇ ਕਿਸਮ ਦੀ ਨਕਲ ਸਮੱਗਰੀ ਨਾ ਹੋਵੇ। ਕੋਈ ਵੀ ਦਰਜਾਚਾਰ ਕਰਮਚਾਰੀ ਪ੍ਰੀਖਿਆ ਦੇ ਕਮਰਿਆਂ ਵਿੱਚ ਪਾਣੀ ਲੈ ਕੇ ਨਹੀਂ ਘੁੰਮੇਗਾ। ਇਹ ਜਿੰਮੇਵਾਰੀ ਨਿਰੋਲ ਪ੍ਰੀਖਿਆ ਕੰਟਰੋਲ ਦੀ ਹੋਵੇਗ। ਜੇਕਰ ਕਿਸੇ ਟੀਮ ਵੱਲੋਂ ਜਾਂ ਸੈਟਰ ਸੁਪਰਡੰਟ ਵੱਲੋ. ਅਜਿਹੀਆਂ ਥਾਵਾਂ ਤੇ ਨਕਲ ਸਮੱਗਰੀ ਪਾਈ ਗਈ ਤਾਂ ਤੁਰੰਤ ਅਜਿਹੇ ਪ੍ਰੀਖਿਆ ਕੰਟਰੋਲਰ ਦੇ ਖਿਲਾਫ ਫੌਜਦਾਰੀ ਅਤੇ ਵਿਭਾਗੀ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ।

11.0 ਜ਼ਿਲ੍ਹਾ ਸਿੱਖਿਆ ਅਫਸਰ ਸੈ.ਸਿ/ਐ.ਸਿ ਇਹਨਾਂ ਪ੍ਰੀਖਿਆਵਾਂ ਦੌਰਾਨ ਨਕਲ ਪੱਖੋਂ ਸੰਵੇਦਨਸ਼ੀਲ ਸੈਂਟਰਾਂ ਦਾ ਲਗਾਤਾਰ ਦੌਰਾ ਕਰਨਗੇ ਅਤੇ ਜਿਥੇ ਵੀ ਕਿਤੇ ਨਕਲ ਹੋਣ ਦਾ ਪਤਾ ਲਗਦਾ ਹੈ ਉਥੇ ਤੁਰੰਤ ਪੇਪਰ ਰੱਦ ਕਰਨ ਲਈ ਬੋਰਡ ਨੂੰ ਫੈਕਸ ਰਾਹੀਂ ਸੂਚਿਤ ਕਰਨਗੇ।

12.0 ਜਿਲ੍ਹਾ ਸਿੱਖਿਆ ਅਫਸਰ ਸੈ.ਸਿ/ਐ.ਸਿ ਇਹਨਾਂ ਪ੍ਰੀਖਿਆਵਾਂ ਦੌਰਾਨ ਨਕਲ ਪੱਖੋਂ ਸੰਵੇਦਨਸ਼ੀਲ ਸੈਂਟਰਾਂ ਦਾ ਲਗਾਤਾਰ ਦੌਰਾ ਕਰਨਗੇ ਅਤੇ ਜਿਥੇ ਵੀ ਕਿਤੇ ਨਕਲ ਹੋਣ ਦਾ ਪਤਾ ਲਗਦਾ ਹੈ ਉਥੇ ਤੁਰੰਤ ਪੇਪਰ ਰੱਦ ਕਰਨ ਲਈ ਬੋਰਡ ਨੂੰ ਫੈਕਸ ਰਾਹੀਂ ਸੂਚਿਤ ਕਰਨਗੇ।

13.0 ਜ਼ਿਲ੍ਹੇ ਦੇ ਨਕਲ ਪੱਖੋਂ ਸੰਵੇਦਨਸੀਲ ਸੈਂਟਰਾਂ ਦੀ ਸੂਚੀ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ) ਵੱਲੋਂ ਸਮੂਹ ਡਿਪਟੀ ਕਮਿਸਨਰ ਅਤੇ ਇਲਾਕੇ ਦੇ ਐਸ.ਡੀ.ਐਮ ਨੂੰ ਸੌਂਪੀ ਜਾਵੇ ਅਤੇ ਬੇਨਤੀ ਕੀਤੀ ਜਾਵੇ ਕਿ ਇਹਨਾਂ ਸੰਵੇਦਨਸ਼ੀਲ ਸੈਂਟਰਾਂ ਤੇ ਜ਼ਿਲ੍ਹਾ ਪ੍ਰਸਾਸ਼ਨ ਵੱਲੋਂ ਆਪਣੇ ਨਿਗਰਾਨ ਨਿਯੁਕਤ ਕੀਤੇ ਜਾਣ।

14.0 ਉਕਤ ਦੱਸੀ ਸੂਚੀ ਦੀ ਇਕ ਕਾਪੀ ਸਮੂਹ ਜ਼ਿਲ੍ਹਾ ਪੁਲਿਸ ਮੁੱਖੀਆਂ ਨੂੰ ਦਿੱਤੀ ਜਾਵੇਗੀ ਅਤੇ ਬੇਨਤੀ ਕੀਤੀ ਜਾਵੇ ਕਿ ਇਹਨਾਂ ਸੈਂਟਰਾਂ ਤੇ ਪੁਲਿਸ ਦਾ ਖਾਸ ਤੌਰ ਤੇ ਪ੍ਰਬੰਧ ਕੀਤਾ ਜਾਵੇ ।

15.0 ਇਹਨਾਂ ਪ੍ਰੀਖਿਆਵਾਂ ਦੌਰਾ ਸਿੱਖਿਆ ਵਿਭਾਗ ਪੰਜਾਬ ਸਰਕਾਰ ਜਾਂ ਕਿਸੇ ਵੀ ਪ੍ਰਾਇਵੇਟ ਸਕੂਲ ਦਾ ਕੋਈ ਵੀ ਅਧਿਆਪਕ ਜਾਂ ਕਰਮਚਾਰੀ ਜੇਕਰ ਨਕਲ ਕਰਵਾਉਂਦਾ ਹੈ ਜਾਂ ਨਕਲ ਕਰਾਉਣ ਲਈ

ਮੱਦਦ ਕਰਦਾ ਪਾਇਆ ਜਾਦਾ ਹੈ ਤਾਂ ਅਜਿਹੇ ਅਧਿਆਪਕ/ਕਰਮਚਾਰੀ ਵਿਰੁੱਧ ਤੁਰੰਤ ਐਕਸ਼ਨ ਲੈਣ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਦੇ ਦਫਤਰ ਨੂੰ ਲਿਖਿਆ ਜਾਵੇਗਾ । ਇਸ ਦੇ ਨਾਲ ਹੀ ਜੇਕਰ ਇਸ ਸਬੰਧੀ ਕੋਈ ਸੀਰੀਅਸ ਕੇਸ ਆਉਂਦਾ ਹੈ ਤਾਂ ਸਬੰਧਤ ਮੁਲਾਜਮ ਖਿਲਾਫ ਪੁਲਿਸ ਵਿੱਚ ਐਫ.ਆਈ.ਆਰ ਦਰਜ ਕਰਵਾਉਣ ਤੋਂ ਗੁਰੇਜ਼ ਨਾ ਕੀਤਾ ਜਾਵੇ ।

16.0 ਬੋਰਡ ਵੱਲੋਂ ਪ੍ਰਾਪਤ ਹੋਏ ਪ੍ਰਸ਼ਨ ਪੱਤਰਾਂ ਦੀ ਸੁਰੱਖਿਆ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) ਵੱਲੋਂ ਯਕੀਨੀ ਬਣਾਈ ਜਾਵੇਗਾ ਤਾਂ ਜੋ ਪ੍ਰੀਖਿਆ ਕੇਂਦਰ ਵਿੱਚ ਇਹ ਪ੍ਰਸ਼ਨ ਪੱਤਰ ਸੁਰੱਖਿਅਤ ਪਹੁੰਚ ਸਕਣ।

17.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ ਸੈ.ਸਿ/ਐ.ਸਿ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਦੇ ਦਫਤਰ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਣਾਈ ਫਲਾਇੰਗ ਸੁਕੈਡ ਟੀਮਾਂ ਨੂੰ ਸਹਿਯੋਗ ਦੇਣਗੇ। ਜਿਥੇ ਕਿਤੇ ਵੀ ਫਲਾਇੰਗ ਸੁਕੈਡ ਟੀਮ ਨੂੰ ਕੋਈ ਔਕੜ ਆਵੇ ਤਾਂ ਜ਼ਿਲ੍ਹੇ ਦਾ ਜਿਲ੍ਹਾ ਸਿੱਖਿਆ ਅਫਸਰ ਸੈ.ਸਿ/ਐ.ਸਿ ਇਸ ਔਕੜ ਨੂੰ ਤੁਰੰਤ ਦੂਰ ਕਰਨ ਲਈ ਕਾਰਵਾਈ ਕਰਨਗੇ ।

18.0 ਜਿਸ ਦਿਨ ਕਿਸੇ ਸੈਂਟਰ ਵਿੱਚ ਪ੍ਰੀਖਿਆ ਨਹੀਂ ਹੋ ਰਹੀ ਹੋਵੇ ਤਾਂ ਉਸ ਸੈਂਟਰ ਨਾਲ ਸਬੰਧਤ ਸਮੂਹ ਪ੍ਰੀਖਿਆ ਅਮਲਾ ਆਪਣੇ ਪਿਤਰੀ ਸਕੂਲ ਵਿੱਚ ਹਾਜਰ ਹੋਵੇਗਾ ਅਤੇ ਸਕੂਲ ਦੇ ਹਾਜਰੀ ਰਜਿਸਟਰ ਵਿੱਚ ਹਾਜਰੀ ਲਗਾਏਗਾ। ਇਸ ਤਰ੍ਹਾਂ ਜਦੋਂ ਕਿਸੇ ਸੈਂਟਰ ਵਿੱਚ ਕਿਸੇ ਪ੍ਰੀਖਿਆ ਵਾਲੇ ਦਿਨ ਬੱਚਿਆਂ ਦੀ ਗਿਣਤੀ ਘੱਟ ਹੋਵੇ ਤਾਂ ਸੈਂਟਰ ਸੁਪਰਡੈਂਟ ਵੱਲੋਂ ਜਿਹੜੇ ਨਿਗਰਾਨ ਸਟਾਫ ਨੂੰ ਡਿਊਟੀ ਤੋਂ ਫਾਰਗ ਕੀਤਾ ਜਾਵੇਗਾ ਤਾਂ ਇਹ ਨਿਗਰਾਨ ਸਟਾਫ ਆਪਣੇ ਪਿਤਰੀ ਸਕੂਲ ਵਿੱਚ ਹਾਜਰ ਹੋਵੇਗਾ। ਸੈਂਟਰ ਸੁਪਰਡੈਂਟ ਇਹ ਯਕੀਨੀ ਬਣਾਉਣਗੇ ਕਿ ਜਿਹੜੀ ਮਿਤੀਆਂ ਨੂੰ ਪ੍ਰੀਖਿਆਂ ਸਾਟਫ ਵੱਲੋਂ ਪੇਪਰਾਂ ਵਿੱਚ ਡਿਊਟੀ ਦਿੱਤੀ ਗਈ ਹੈ ਕੇਵਲ ਉਹਨਾਂ ਦਿਨਾਂ ਦੀ ਹੀ ਮਿਤੀਵਾਰ ਹਾਜਰੀ ਰਿਪੋਰਟ ਦਿੱਤੀ ਜਾਵੇ।

19.0 ਜਿਲ੍ਹੇ ਦੇ ਐਸ.ਐਸ.ਏ ਦਫਤਰ ਵਿੱਚ ਇਹਨਾਂ ਪ੍ਰੀਖਿਆਵਾਂ ਦੌਰਾਨ ਕੰਟਰੋਲ ਰੂਮ ਸਥਾਪਿਤ ਕੀਤਾ ਜਾਵੇਗਾ। ਜਿਥੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵੱਲੋ. ਕਿਸੇ ਡੀ.ਆਰ.ਪੀ ਨੂੰ ਬਤੌਰ ਕੰਟਰੋਲ ਰੂਮ ਮੈਨੇਜਰ ਨਿਯੁਕਤ ਕੀਤਾ ਜਾਵੇਗਾ ਅਤੇ ਇਹਨਾਂ ਪ੍ਰੀਖਿਆਵਾਂ ਨਾਲ ਸਬੰਧਤ ਅਮਲਾ ਜਿਲ੍ਹਾ ਪੱਧਰ ਤੇ ਇਹਨਾਂ ਨਾਲ ਆਪਣਾ ਰਾਬਤਾ ਰੱਖੇਗਾ। ਇਸ ਕੰਟਰੋਲ ਰੂਮ ਦਾ ਟੈਲੀਫੋਨ ਨੰਬਰ ਲੋਕਲ ਪੱਧਰ ਤੇ ਅਖਬਾਰਾਂ ਵਿੱਚ ਦਿੱਤਾ ਜਾਵੇ ਤਾਂ ਜੋ ਪ੍ਰੀਖਿਆ ਅਮਲਾ, ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਹੋਰ ਪਬਲਿਕ ਵੱਲੋਂ ਪ੍ਰੀਖਿਆਵਾਂ ਵਿੱਚ ਨਕਲ ਸਬੰਧੀ ਸੂਚਨਾ ਜਾਂ ਇਸ ਸਬੰਧੀ ਕੋਈ ਹੋਰ ਜਾਣਕਾਰੀ ਇਸ ਕੰਟਰੋਲ ਰੂਮ ਵਿੱਚ ਦਿੱਤੀ ਜਾ ਸਕੇ। ਇਹ ਕੰਟਰੋਲ ਰੂਮ ਮੈਨੇਜਰ ਤੁਰੰਤ ਜਾਣਕਾਰੀ ਉੱਚ ਅਧਿਕਾਰੀਆਂ ਨੂੰ ਦੇਵੇਗਾ। ਕੰਟਰੋਲ ਰੂਮ ਸਵੇਰੇ 8.00 ਵਜੇ ਤੋਂ ਰਾਤ 8.00 ਵਜੇ ਤੱਕ ਖੁੱਲਾ ਰਹੇਗਾ।

20.0 ਪ੍ਰੀਖਿਆਵਾਂ ਸਬੰਧੀ ਕੰਮ ਦੀ ਨਿਗਰਾਨੀ ਲਈ ਡੀ.ਜੀ.ਐਸ.ਈ ਦਫਤਰ ਵਿੱਚ ਕੋਆਰਡੀਨੇਟ ਕਰਨ ਲਈ ਸ੍ਰੀ ਬਲਵਿੰਦਰ ਸਿੰਘ, ਸਹਾਇਕ ਸਟੇਟ ਪ੍ਰਾਜੈਕਟ ਡਾਇਰੈਕਟਰ (ਕੋਆਰਡੀਨੇਸ਼ਨ) (9914840601) 0172-5212355 ਅਤੇ ਫੈਕਸ ਨੰ: 0172-5212370 ਦੀ ਡਿਊਟੀ ਲਗਾਈ ਗਈ ਹੈ ਜਿਸ ਨਾਲ ਉਕਤ ਹਦਾਇਤਾਂ ਸਬੰਧੀ ਕਿਸੇ ਸਮੇਂ ਵੀ ਰਾਬਤਾ ਕੀਤਾ ਜਾ ਸਕਦਾ ਹੈ।

21.0 ਨਿਮਨਲਿਖਤ ਸੂਚਨਾ ਤੁਰੰਤ ਇਸ ਦਫਤਰ ਨੂੰ ਈ-ਮੇਲ dgsecoord@gmail.com ਰਾਹੀਂ ਭੇਜਣੀ ਯਕੀਨੀ ਬਣਾਈ ਜਾਵੇ ਜੀ।

| ਕੰਟਰੋਲ ਰੂਮ ਮੈਨੇਜਰ ਦਾ ਨਾਮ | ਮੋਬਾਈਲ ਨੰਬਰ | ਦਫਤਰ ਦਾ ਫੋਨ ਨੰਬਰ | ਦਫਤਰ ਦਾ ਫੈਕਸ ਨੰਬਰ | ਕੰਟਰੋਲ ਰੂਮ ਮੈਨੇਜਰ ਦਾ ਈ-ਮੇਲ ਪਤਾ |
|---|---|---|---|---|

ਉਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਪ੍ਰਮੁੱਖ ਸਕੱਤਰ ਸਕੂਲ ਸਿੱਖਿਆ
ਪੰਜਾਬ।

ਪਿੱਠ ਅੰਕਣ ਨੰ: 2014/ਡੀ.ਜੀ.ਐਸ.ਈ./ਕੋਆਰਡੀਨੇਸਨ/002587-39 ਮਿਤੀ:ਅਜੀਤਗੜ੍ਹ 1.03.14

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1.ਨਿੱਜੀ ਸਕੱਤਰ / ਸਿੱਖਿਆ ਮੰਤਰੀ ਨੂੰ ਮਾਨਯੋਗ ਸਿੱਖਿਆ ਮੰਤਰੀ ਜੀ ਦੀ ਜਾਣਕਾਰੀ ਹਿੱਤ।

2.ਨਿੱਜੀ ਸਕੱਤਰ/ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਨੂੰ ਪ੍ਰਮੁੱਖ ਸਕੱਤਰ ਸਿੱਖਿਆ ਜੀ ਦੀ ਜਾਣਕਾਰੀ ਹਿੱਤ।

3.ਚੇਅਰਪਰਸਨ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਜਾਣਕਾਰੀ ਅਤੇ ਜ਼ਰੂਰੀ ਕਾਰਵਾਈ ਹਿੱਤ।

4.ਡੀ.ਪੀ.ਆਈ(ਸੈ.ਸਿ) ਪੰਜਾਬ ਨੂੰ ਜਾਣਕਾਰੀ ਹਿੱਤ।

5.ਡੀ.ਪੀ.ਆਈ(ਐ.ਸਿ) ਪੰਜਾਬ ਨੂੰ ਜਾਣਕਾਰੀ ਹਿੱਤ।

ਪ੍ਰਮੁੱਖ ਸਕੱਤਰ ਸਕੂਲ ਸਿੱਖਿਆ
ਪੰਜਾਬ।